**ਰਣਨੀਤਕ ਵਪਾਰ, ਅਤੇ ਤਕਨਾਲੋਜੀ ਸਮੇਤ ਆਰਥਿਕ ਸੁਰੱਖਿਆ 'ਤੇ ਭਾਰਤ-ਜਪਾਨ ਦੀ ਵਾਰਤਾ ਦਾ ਪਹਿਲਾ ਦੌਰ**

27 ਨਵੰਬਰ, 2024

ਵਿਦੇਸ਼ ਸਕੱਤਰ ਸ੍ਰੀ ਵਿਕਰਮ ਮਿਸਰੀ ਨੇ 27 ਨਵੰਬਰ, 2024 ਨੂੰ ਟੋਕੀਓ ਜਾਪਾਨ ਵਿੱਚ, ਜਪਾਨ ਦੇ ਵਿਦੇਸ਼ ਮੰਤਰਾਲੇ ਦੇ ਉਪ ਮੰਤਰੀ ਸ੍ਰੀ ਮਾਸਾਤਾਕੋ ਓਕਾਨੋ ਨਾਲ, ਰਣਨੀਤਕ ਵਪਾਰ, ਅਤੇ ਤਕਨਾਲੋਜੀ ਸਮੇਤ ਆਰਥਿਕ ਸੁਰੱਖਿਆ 'ਤੇ ਭਾਰਤ-ਜਪਾਨ ਦੀ ਵਾਰਤਾ ਦੇ ਪਹਿਲੇ ਦੌਰ ਦੀ ਸਹਿ-ਪ੍ਰਧਾਨਗੀ ਕੀਤੀ। ਇਸ ਵਾਰਤਾ ਵਿੱਚ ਦੋਵੇਂ ਸਰਕਾਰਾਂ ਦੇ ਹਿੱਤਧਾਰਕ ਮੰਤਰਾਲੇ, ਵਿਭਾਗ ਅਤੇ ਏਜੰਸੀਆਂ ਨੇ ਹਿੱਸਾ ਲਿਆ, ਜਿਸਦਾ ਐਲਾਨ 20 ਅਗਸਤ, 2024 ਨੂੰ ਨਵੀਂ ਦਿੱਲੀ ਵਿੱਚ ਹੋਈ ਭਾਰਤ-ਜਪਾਨ ਦੀ 2+2 ਮੰਤਰੀ-ਪੱਧਰੀ ਬੈਠਕ ਵਿੱਚ ਕੀਤਾ ਗਿਆ ਸੀ।

2. ਬੈਠਕ ਵਿੱਚ ਦੋਵਾਂ ਦੇਸ਼ਾਂ ਨੂੰ ਆਪਣੀ ਆਰਥਿਕ ਸੁਰੱਖਿਆ ਨੀਤੀਆਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ, ਉਦਯੋਗਿਕ ਅਤੇ ਤਕਨਾਲੋਜੀ ਲਚਕਤਾ ਬਣਾਉਣ ਲਈ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਅਤੇ ਪ੍ਰਮੁੱਖ ਤਕਨਾਲੋਜੀਆਂ ਦੀ ਖੋਜ ਅਤੇ ਵਰਤੋਂ ਵਿੱਚ ਸਹਿਯੋਗ ਨੂੰ ਵਧਾਉਣ ਦਾ ਮੌਕਾ ਮਿਲਿਆ। ਦੋਵੇਂ ਧਿਰਾਂ ਨੇ ਆਰਥਿਕ ਹਿੱਤਾ ਦੀ ਰੱਖਿਆ ਕਰਨ ਵਿੱਚ ਨਜ਼ਦੀਕੀ ਸਹਿਯੋਗ ਦੀ ਅਤੇ ਭਾਰਤ ਅਤੇ ਜਾਪਾਨ ਵਿੱਚ ਪਛਾਣੇ ਗਏ ਸੈਕਟਰਾਂ ਵਿੱਚ ਸਬੰਧਤ ਅਦਾਕਾਰਾਂ ਵਿਚਕਾਰ ਵਪਾਰ ਅਤੇ ਅਕਾਦਮਿਕ ਭਾਈਵਾਲੀ ਲਈ ਨੀਤੀ ਸਬੰਧੀ ਸਹੂਲਤ ਦੇ ਕੇ ਮਜ਼ਬੂਤ ਆਪੂਰਤੀ ਲੜੀਆਂ ਅਤੇ ਮਹੱਤਵਪੂਰਨ ਬੁਨਿਆਦੀ ਢਾਂਚਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸਦੇ ਨਾਲ ਹੀ ਉਹਨਾਂ ਨੇ ਸਾਂਝੇ ਹਿੱਤ ਦੇ ਖੇਤਰਾਂ ਵਿੱਚ ਪ੍ਰਤਿਭਾ ਦੇ ਆਦਾਨ-ਪ੍ਰਦਾਨ ਅਤੇ ਹੁਨਰ ਨੂੰ ਉਨਤ ਕਰਨ ਦੀ ਸਹੂਲਤ ਦੇਣ ਦੇ ਤਰੀਕਿਆਂ ਬਾਰੇ ਵੀ ਚਰਚਾ ਕੀਤੀ।

3. ਦੋਵੇਂ ਧਿਰਾਂ ਨੇ ਪ੍ਰਮੁੱਖ ਖੇਤਰਾਂ ਵਿੱਚ ਸਮੁੱਚੇ ਸਹਿਯੋਗ ਨੂੰ ਵਧਾ ਕੇ ਠੋਸ ਨਤੀਜੇ ਲਿਆਉਣ ਲਈ ਸਹਿਮਤੀ ਜਤਾਈ। ਉਹਨਾਂ ਨੇ ਮੰਨਿਆ ਕਿ ਇਹ ਵਾਰਤਾ ਭਾਰਤ-ਜਪਾਨ ਦੀ ਵਿਸ਼ੇਸ਼ ਰਣਨੀਤਕ ਅਤੇ ਗਲੋਬਲ ਭਾਗੀਦਾਰੀ ਵਿੱਚ ਸਮਕਾਲੀ ਪ੍ਰਸੰਗਿਕਤਾ ਲਿਆਉਣ ਲਈ ਇੱਕ ਮਹੱਤਵਪੂਰਨ ਅਤੇ ਸਮੇਂ ਸਿਰ ਚੁੱਕਿਆ ਗਿਆ ਕਦਮ ਹੈ।

**ਨਵੀਂ ਦਿੱਲੀ**

**27 ਨਵੰਬਰ, 2024**